



# ਸਿੱਖ ਰਾਜ ਦੀ ਫ਼ਤਹਿ ਦੀ ਨਿਸ਼ਾਨੀ ਸ਼ਾਹੀ ਕਿਲ੍ਹਾ ਲਾਹੌਰ



ਵਿਸ਼ਵ ਧਰੋਹਰ ਸੂਚੀ ਵਿਚ ਸ਼ਾਮਲ ਲਾਹੌਰ ਦਾ ਸ਼ਾਹੀ ਕਿਲ੍ਹਾ ਲਾਹੌਰ ਦੇ ਮੁਗ਼ਲ ਸਮਾਰਕਾਂ ਵਿਚੋਂ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ। ਇਹ ਕਿਲ੍ਹਾ ਸਿੱਖ ਰਾਜ ਦੀ ਫ਼ਤਹਿ ਦੀ ਅਨਮੋਲ ਨਿਸ਼ਾਨੀ ਹੈ। ਇਸੇ ਕਿਲ੍ਹੇ ਵਿਚ 12 ਅਪ੍ਰੈਲ 1801 ਨੂੰ ਵਿਸਾਖੀ ਵਾਲੇ ਦਿਨ ਰਣਜੀਤ ਸਿੰਘ ਨੇ 'ਮਹਾਰਾਜਾ' ਲਕਬ ਧਾਰਨ ਕੀਤਾ ਅਤੇ ਨਾਨਕਸ਼ਾਹੀ ਸਿੱਕਾ ਚਾਲੂ ਕੀਤਾ। ਇਸ ਕਿਲ੍ਹੇ ਵਿਚ ਜਾਣ ਲਈ ਤਿੰਨ ਦਰਵਾਜ਼ੇ ਬਣੇ ਹੋਏ ਹਨ-ਪਹਿਲਾ ਮਸਤੀ ਦਰਵਾਜ਼ਾ (ਅਸਲ ਨਾਂਅ ਮਸਜਿਦੀ ਦਰਵਾਜ਼ਾ), ਦੂਸਰਾ ਆਲਮਗ਼ੀਰੀ ਦਰਵਾਜ਼ਾ ਅਤੇ ਤੀਸਰਾ ਹਾਥੀ ਪੌਲ (ਹਾਥੀ ਦਾ ਪੈਰ) ਦਰਵਾਜ਼ਾ। ਪਿਛਲੇ ਸਮਿਆਂ ਵਿਚ ਮਸਤੀ ਦਰਵਾਜ਼ੇ ਅੱਗੇ ਤੋਪਾਂ ਬੀੜੀਆਂ ਹੁੰਦੀਆਂ ਸਨ। ਇਸ ਦਰਵਾਜ਼ੇ ਦੇ ਨਜ਼ਦੀਕ ਹੀ ਜਹਾਂਗੀਰ ਦੀ ਰਾਜਪੂਤ ਮਾਂ ਮਰਿਅਮ ਜਮਾਨੀ ਦੁਆਰਾ ਬਣਵਾਈ ਗਈ ਮਸਜਿਦ ਹੈ। ਪੰਜਾਬੀ ਵਿਚ ਮਸਜਿਦ ਨੂੰ ਮਸੀਤ ਵੀ ਕਿਹਾ ਜਾਂਦਾ ਹੈ, ਇਸ ਕਾਰਨ ਪਹਿਲਾਂ ਤਾਂ ਇਸ ਦਰਵਾਜ਼ੇ ਦਾ ਨਾਂਅ ਮਸੀਤੀ ਦਰਵਾਜ਼ਾ ਪਿਆ੍ਰ ਬਾਅਦ ਵਿਚ ਇਹ ਨਾਂਅ ਵਿਗੜ ਕੇ ਮਸਤੀ ਦਰਵਾਜ਼ਾ ਬਣ ਗਿਆ। ਅੱਜਕਲ੍ਹ ਕਿਲ੍ਹੇ ਵਿਚ ਪੱਛਮੀ ਦਰਵਾਜ਼ੇ ਆਲਮਗ਼ਿਰੀ ਦਰਵਾਜ਼ੇ ਵੱਲੋਂ ਹੀ ਜਾਣ ਦਾ ਰਸਤਾ ਹੈ। ਇਹ ਦਰਵਾਜ਼ਾ ਔਰੰਗਜ਼ੇਬ ਨੇ ਸੰਨ 1673-74 ਵਿਚ ਬਣਵਾਇਆ ਸੀ। ਇਸ ਦੇ ਅੰਦਰ ਖੱਬੇ ਹੱਥ ਸ੍ਰੀ ਰਾਮ ਚੰਦਰ ਦੇ ਸਪੁੱਤਰ ਲਵ ਦੀ ਸਮਾਧ ਅੱਜ ਵੀ ਮੌਜੂਦ ਹੈ। ਇਸ ਸਮਾਰਕ ਦਾ ਦਰਵਾਜ਼ਾ ਜ਼ਿਆਦਾਤਰ ਬੰਦ ਹੀ ਰੱਖਿਆ ਜਾਂਦਾ ਹੈ। ਕਿਲ੍ਹੇ ਵਿਚ ਜੋ ਇਮਾਰਤ ਸਭ ਤੋਂ ਪਹਿਲਾਂ ਨਜ਼ਰ ਆਉਂਦੀ ਹੈ, ਉਹ ਹੈ-ਦੀਵਾਨੇ-ਖ਼ਾਸ। 730 ਫ਼ੁੱਟ ਲੰਬੇ ਅਤੇ 460 ਫ਼ੁੱਟ ਚੌੜੇ ਇਸ ਸਥਾਨ ਦਾ ਨਿਰਮਾਣ ਚਾਲੀ ਥਮਲਿਆਂ ਉੱਪਰ ਸੰਨ 1631-32 ਵਿਚ ਸ਼ਾਹ ਜਹਾਨ ਨੇ ਆਪਣੇ ਸਹੁਰੇ ਆਸਫ਼ ਖ਼ਾਨ ਦੀ ਮਾਰਫ਼ਤ ਕਰਵਾਇਆ। ਦੀਵਾਨ-ਏ-ਆਮ ਦੇ ਪਿੱਛੇ ਦੀ ਦੀਵਾਰ ਨਾਲ ਜੁੜੀ ਇਮਾਰਤ ਨੂੰ ਦੌਲਤਖ਼ਾਨਾ-ਏ-ਖ਼ਾਸ ਕਹਿੰਦੇ ਹਨ। ਇਸ ਸ਼ਾਹੀ ਰਿਹਾਇਸ਼ ਦੇ ਸਾਹਮਣੇ ਖੁੱਲ੍ਹਾ ਵਿਹੜਾ ਹੈ। ਇਸ ਦੇ ਵਿਚੋ-ਵਿਚ ਫ਼ੁਵਹਾਰਿਆਂ ਨਾਲ ਸਜਿਆ ਹੋਇਆ ਤਾਲਾਬ ਹੈ ਅਤੇ ਚਾਰੋਂ ਪਾਸੇ ਅਲੱਗ-ਅਲੱਗ ਇਮਾਰਤਾਂ ਹਨ। ਇਸ ਹਿੱਸੇ ਦਾ ਨਿਰਮਾਣ ਜਹਾਂਗੀਰ ਨੇ ਕਰਵਾਇਆ ਸੀ। ਬਿਲਕੁਲ ਸਾਹਮਣੇ ਦੀ ਇਮਾਰਤ ਖ਼ਵਾਬ-ਗ਼ਾਹ ਹੈ, ਜਿਸ ਵਿਚ ਇਕ ਮਿਊਜ਼ੀਅਮ ਹੈ। ਸ਼ਾਹਜਹਾਨ ਨੇ ਲਾਹੌਰ ਕਿਲ੍ਹੇ ਦੀਆਂ ਕੁਝ ਪੁਰਾਣੀਆਂ ਇਮਾਰਤਾਂ ਨੂੰ ਢਹਾ ਕੇ ਸੰਗਮਰਮਰ ਦੀਆਂ ਨਵੀਆਂ ਇਮਾਰਤਾਂ ਦਾ ਨਿਰਮਾਣ ਕਰਵਾਇਆ। ਉਸ ਦੇ ਹੁਕਮ ਨਾਲ ਹੀ ਬਣਾਏ ਗਏ ਦੀਵਾਨ-ਏ-ਖ਼ਾਸ ਅਤੇ ਛੋਟੀ ਖ਼ਵਾਬਗਾਹ ਵਿਚ ਪੱਥਰ ਦੀ ਜਾਲੀ ਦਾ ਕੀਤਾ ਬਰੀਕ ਕੰਮ ਵੇਖਿਆ ਜਾ ਸਕਦਾ ਹੈ। ਇਸ ਦੀਆਂ ਦੀਵਾਰਾਂ 'ਤੇ ਬਣੇ ਕ੍ਰਿਸ਼ਨ-ਲੀਲਾ ਦੇ ਚਿੱਤਰ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੇ ਹਨ। ਸ਼ੀਸ਼ ਮਹਲ ਦੀ ਚਾਰਦੀਵਾਰੀ ਤੋਂ ਪਹਿਲਾਂ ਇਕ ਵਿਹੜਾ ਹੈ, ਜਿਸ ਦੀ ਪੱਛਮੀ ਦੀਵਾਰ ਦੇ ਨਾਲ ਸੰਗਮਰਮਰ ਦਾ ਇਕ ਅੱਠ-ਦਰਾਂ ਹੈ।

ਯੂਰਪੀ ਚਿੱਤਰਕਾਰ ਅਗਸਤ ਸ਼ਾਫਟ ਦੁਆਰਾ ਬਣਾਏ ਗਏ ਰਣਜੀਤ ਸਿੰਘ ਦੇ ਦਰਬਾਰ ਦੇ ਵਿਸ਼ਾਲ ਤੇਲ-ਚਿੱਤਰਾਂ ਤੋਂ ਪਤਾ ਲੱਗਦਾ ਹੈ ਕਿ ਉਹ ਆਪਣਾ ਦਰਬਾਰ ਇਥੇ ਲਗਾਉਂਦੇ ਸਨ। ਇਸ ਦੇ ਨਜ਼ਦੀਕ ਹੀ ਸ਼ਾਹ ਜਹਾਨ ਦੁਆਰਾ ਮੋਤੀ ਮਸੀਤ ਬਣਵਾਈ ਗਈ। ਰਣਜੀਤ ਸਿੰਘ ਇਸ ਨੂੰ ਖਜ਼ਾਨਾ ਸਥਾਨ ਵਜੋਂ ਵੀ ਵਰਤਦੇ ਸਨ। ਖ਼ਾਲਸਾ ਰਾਜ ਸਮੇਂ ਇਸ ਮਸੀਤ ਦਾ ਨਾਂਅ ਬਦਲ ਕੇ ਮੋਤੀ ਮੰਦਰ ਰੱਖ ਦਿੱਤਾ ਗਿਆ। ਕਿਲ੍ਹੇ ਵਿਚ ਇਕ ਹੋਰ ਇਮਾਰਤ ਹੈ, ਜਿਸ ਨੂੰ ਰਾਣੀ ਜਿੰਦਾ ਦੀ ਹਵੇਲੀ ਕਿਹਾ ਜਾਂਦਾ ਹੈ। ਇਸ ਵਿਚ ਵੀ ਹੁਣ ਮਿਊਜ਼ੀਅਮ ਹੈ। ਇਸ ਦੀ ਹੇਠਲੀ ਮੰਜ਼ਿਲ ਵਿਚ ਅੰਗਰੇਜ਼-ਸਿੱਖ ਯੁੱਧ ਦੇ ਦੌਰਾਨ ਸਿੱਖਾਂ ਪਾਸੋਂ ਖੋਹੇ ਗਏ ਹਥਿਆਰ ਰੱਖੇ ਗਏ ਹਨ ਅਤੇ ਉਪਰਲੀ ਮੰਜ਼ਿਲ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਸ਼ਹਿਜ਼ਾਦੀ ਬੰਬਾ ਦਾ ਨਿੱਜੀ ਮਿਊਜ਼ੀਅਮ ਹੈ। ਕਿਲ੍ਹਾ ਵੇਖਣ ਤੋਂ ਬਾਅਦ ਹਾਥੀ ਪੋਲ ਦਰਵਾਜ਼ੇ ਵੱਲੋਂ ਬਾਹਰ ਆਉਣ ਦਾ ਰਸਤਾ ਹੈ। ਇਥੇ ਚਮਕੀਲੀ ਟਾਇਲਾਂ ਨਾਲ ਸਜੀ ਦੀਵਾਰ ਮੁਗ਼ਲ ਕਲਾ ਦਾ ਦਿਲਕਸ਼ ਨਮੂਨਾ ਹੈ। ਕਰੀਬ 450 ਸਾਲ ਬੀਤਣ ਦੇ ਬਾਅਦ ਵੀ ਇਨ੍ਹਾਂ ਟਾਇਲਾਂ ਦੀ ਚਮਕ ਅਜੇ ਫਿੱਕੀ ਨਹੀਂ ਪਈ। ਕਿਲ੍ਹੇ ਦੇ ਆਲਮਗੀਰ ਦਰਵਾਜ਼ੇ ਦੇ ਬਿਲਕੁਲ ਸਾਹਮਣੇ ਹਜ਼ੂਰੀ ਬਾਗ਼ ਵਿਚ ਬਹੁਤ ਖ਼ੂਬਸੂਰਤ ਬਾਰਾਂਦਰੀ ਬਣੀ ਹੋਈ ਹੈ, ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜਮਾਂਦਾਰ ਖ਼ੁਸ਼ਹਾਲ ਸਿੰਘ ਨੇ ਬਣਵਾਈ ਸੀ। ਮਹਾਰਾਜਾ ਰਣਜੀਤ ਸਿੰਘ ਦੇ ਦਿਹਾਂਤ ਤੋਂ ਬਾਅਦ ਉਨ੍ਹਾਂ ਦੀ ਦੇਹ ਲੋਕਾਂ ਦੇ ਦਰਸ਼ਨਾਂ ਲਈ ਇਸੇ ਇਮਾਰਤ ਵਿਚ ਰੱਖੀ ਗਈ ਸੀ।

**ਸੁਰਿੰਦਰ ਕੋਛੜ /ਧੰਨਵਾਦ ਸਹਿਤ : ਪੰਜਾਬ ਗਾਰਡੀਅਨ**



# 20ਵੀਂ ਸਦੀ ਦੇ ਉੱਘੇ ਸਮਾਜ ਸੇਵਕ ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲੇ

**ਭਵਨਦੀਪ ਸਿੰਘ ਪੁਰਬਾ**



ਕੁਝ ਅਜਿਹੀਆਂ ਸ਼ਖ਼ਸੀਅਤਾਂ ਹੁੰਦੀਆਂ ਹਨ ਜੋ 'ਵਿਚ ਦੁਨੀਆਂ ਸੇਵ ਕਮਾਈਏ' ਦੇ ਮਹਾਂਵਾਕ ਅਨੁਸਾਰ ਆਪਣਾ ਤਨ, ਮਨ, ਧਨ ਸਭ ਕੁਝ ਲੋਕ ਸੇਵਾ ਵਿਚ ਲਗਾ ਦਿੰਦੀਆਂ ਹਨ। ਜਿਨ੍ਹਾਂ ਨੇ ਆਪਣੀ ਸਮੁੱਚੀ ਜ਼ਿੰਦਗੀ ਲੋਕ ਸੇਵਾ ਵਿਚ ਲਗਾ ਦਿੱਤੀ ਉਨ੍ਹਾਂ ਦੇ ਜੀਵਨ ਦਾ ਹਰ ਸਾਹ ਮਨੁੱਖਤਾ ਦੇ ਦਿਲ ਦੀ ਧੜਕਣ ਬਣ ਗਿਆ। ਅਜਿਹੀ ਹੀ ਇਕ ਮਹਾਨ ਸ਼ਖ਼ਸੀਅਤ ਹੈ ਸੰਤ ਬਾਬਾ ਨੰਦ ਸਿੰਘ ਜੀ ਜਿਨ੍ਹਾਂ ਨੇ ਆਪਣੀ ਜ਼ਮੀਨ ਜਾਇਦਾਦ ਸਭ ਕੁਝ ਲੋਕ ਸੇਵਾ ਹਿੱਤ ਲਗਾ ਦਿੱਤੀ।

ਸਾਡੇ ਬਜ਼ੁਰਗਾਂ ਦੇ ਦੱਸਣ ਮੁਤਾਬਕ ਪਤਾ ਲੱਗਦਾ ਹੈ ਕਿ ਸੰਤ ਬਾਬਾ ਨੰਦ ਸਿੰਘ ਜੀ ਦਾ ਜਨਮ ਲਗਭਗ 1891-92 ਵਿਚ ਸ.ਚੇਤ ਸਿੰਘ ਦੇ ਘਰ ਮਾਤਾ ਭੋਲੀ ਦੀ ਕੁੱਖੋਂ ਹੋਇਆ। ਬਾਬਾ ਜੀ ਨੇ ਆਪਣੀ ਮੁੱਢਲੀ ਸਿੱਖਿਆ ਗੁਰਦੁਆਰਾ ਸਾਹਿਬ ਵਿਚੋਂ ਹਾਸਲ ਕੀਤੀ। ਆਪ ਬਚਪਨ ਤੋਂ ਹੀ ਬੜ੍ਹੇ ਭਰਵੇਂ ਤੇ ਤਾਕਤਵਰ ਸਰੀਰ ਦੇ ਸਨ। ਇਸ ਲਈ ਬਾਬਾ ਜੀ 1928 ਨੂੰ ਫੌਜ ਵਿਚ ਭਰਤੀ ਹੋ ਗਏ ਅਤੇ ਉੱਥੇ ਹੀ ਆਪ ਜੀ ਨੇ ਉਚੇਰੀ ਸਿੱਖਿਆ ਪ੍ਰਾਪਤ ਕੀਤੀ। ਅੱਠ ਸਾਲ ਫੌਜ ਦੀ ਨੌਕਰੀ ਕਰਨ ਤੋਂ ਬਾਅਦ 1936 ਈ. ਨੂੰ ਆਪਣੀ ਨੌਕਰੀ ਵਿਚੋ ਛੱਡ ਕੇ, ਫੌਜ ਨੂੰ ਅਲਵਿਦਾ ਕਹਿ ਕੇ ਪਿੰਡ 'ਉੜਮ ਟਾਂਡਾ' ਵਿਖੇ ਆਪਣੇ ਗੁਰੂ ਬਾਬਾ ਸ਼ਾਮ ਸਿੰਘ ਜੀ ਕੋਲ ਰਹਿਣ ਲੱਗ ਪਏ। ਉੱਥੇ ਕੁਝ ਚਿਰ ਸੇਵਾ ਭਗਤੀ ਕਰਨ ਤੋਂ ਬਾਅਦ ਬਾਬਾ ਜੀ ਮੋਗੇ ਤੋਂ 8 ਕਿਲੋਮੀਟਰ ਦੂਰ ਪਿੰਡ ਤੋਂ ਬਾਹਰ-ਬਾਹਰ ਆਪਣੇ ਖੇਤਾਂ ਵਿਚ ਇਕਾਂਤ ਵਿਚ ਰਹਿਣ ਲੱਗ ਪਏ। ਇੱਥੇ ਬਾਬਾ ਜੀ ਨੇ ਕਾਫੀ ਸਮਾਂ ਭਗਤੀ ਕੀਤੀ। ਉਸ ਤੋਂ ਬਾਅਦ ਬਾਬਾ ਜੀ ਨੇ ਬੱਚਿਆਂ ਨੂੰ ਮੁਫ਼ਤ ਵਿਦਿਆ ਦੇਣੀ ਸ਼ੁਰੂ ਕੀਤੀ। ਆਪ ਜੀ ਨੂੰ ਦੇਸੀ ਦਵਾਈਆਂ ਦਾ ਪੂਰਨ ਗਿਆਨ ਸੀ ਇਸ ਲਈ ਆਪ ਜੀ ਆਪਣੇ ਹੱਥੀਂ ਦਵਾਈ ਬਣਾ ਕੇ ਮੁਫ਼ਤ ਦਵਾਈ ਦੇਣ ਲੱਗ ਪਏ।

1972 ਈ. ਨੂੰ ਬਾਬਾ ਜੀ ਨੂੰ ਸਰਬ-ਸੰਮਤੀ ਨਾਲ ਪਿੰਡ ਦਾ ਸਰਪੰਚ ਚੁਣ ਲਿਆ। ਬਾਬਾ ਜੀ ਨੇ ਆਪਣੇ ਕਾਰਜ ਕਾਲ ਦੌਰਾਨ ਅਨੇਕਾਂ ਲੋਕ ਭਲਾਈ ਦੇ ਕੰਮ ਕੀਤੇ। ਬਾਬਾ ਜੀ ਨੇ ਆਪਣੀ ਜ਼ਮੀਨ ਵਿਚ ਗੁਰਦੁਆਰਾ ਸਾਹਿਬ ਦਾ ਨਿਰਮਾਣ ਕਰਵਾਇਆ। ਇਥੇ ਹੀ ਆਪ ਜੀ ਨੇ ਬੱਚਿਆਂ ਨੂੰ ਮੁੱਢਲੀ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ। ਕੁਝ ਸਮੇਂ ਬਾਅਦ ਆਪਣੀ ਜ਼ਮੀਨ ਵਿਚ ਹੀ ਸਰਕਾਰੀ ਸਕੂਲ ਦਾ ਨਿਰਮਾਣ ਕਰਵਾ ਦਿੱਤਾ। ਬਾਬਾ ਜੀ ਆਪ ਦੇਸੀ ਦਵਾਈ ਦਿੰਦੇ ਰਹੇ ਅਤੇ ਨਾਲ ਹੀ ਸਰਕਾਰੀ ਆਯੁਰਵੇਦਿਕ ਡਿਸਪੈਂਸਰੀ ਬਣਵਾ ਦਿੱਤੀ। ਹੁਣ ਇਹ ਡਿਸਪੈਂਸਰੀ ਸੰਤ ਬਾਬਾ ਨੰਦ ਸਿੰਘ ਜੀ ਆਯੁਰਵੇਦਿਕ ਡਿਸਪੈਂਸਰੀ ਸੰਤ ਬਾਬਾ ਨੰਦ ਸਿੰਘ ਜੀ ਆਯੁਰਵੇਦਿਕ ਡਿਸਪੈਂਸਰੀ ਹੇਠ ਚੱਲ ਰਹੀ ਹੈ। ਪਸ਼ੂਆਂ ਨੂੰ ਬੀਮਾਰੀਆਂ ਤੋਂ ਬਚਾਉਣ ਲਈ ਪਸ਼ੂਆਂ ਦਾ ਹਸਪਤਾਲ ਬਣਵਾਇਆ। ਇਸ ਤੋਂ ਇਲਾਵਾ ਮੁਸਲਮਾਨ ਫਕੀਰ ਬਾਬਾ ਦਾਮੂੰ ਸ਼ਾਹ ਜੀ ਦੀ ਮਜਾਰ ਤੇ ਬਿਲਡਿੰਗ ਦਾ ਨਿਰਮਾਣ ਕਰਵਾਇਆ। ਬਾਬਾ ਦਾਮੂੰ ਸ਼ਾਹ ਜੀ ਦੇ ਮੇਲੇ ਦੇ ਜਨਮ ਦਾਤਾ ਵੀ ਬਾਬਾ ਨੰਦ ਸਿੰਘ ਜੀ ਹੀ ਹਨ। ਇੱਥੋਂ ਪਤਾ ਲੱਗਦਾ ਹੈ ਕਿ ਬਾਬਾ ਜੀ ਸਭ ਧਰਮਾਂ ਦਾ ਬਰਾਬਰ ਸਤਿਕਾਰ ਕਰਦੇ ਸਨ। ਬਾਬਾ ਜੀ ਨੇ ਸਮੂੰਹ ਸੰਗਤਾਂ ਨੂੰ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਨ ਦਾ ਉਪਦੇਸ਼ ਦਿੱਤਾ। ਬਾਬਾ ਜੀ ਦਾ ਉਪਦੇਸ਼ ਸੀ ਕਿ ਹਰ ਪ੍ਰਾਣੀ ਆਪਣੇ ਧਰਮ ਵਿਚ ਪੱਕਾ ਹੋਣਾ ਚਾਹੀਦਾ ਹੈ ਚਾਹੇ ਉਹ ਕਿਸੇ ਵੀ ਧਰਮ ਨੂੰ ਮੰਨਦਾ ਹੋਵੇ।

ਬਾਬਾ ਜੀ ਨੇ ਝੂਠੇ ਪਾਖੰਡਵਾਦ ਨੂੰ ਤਿਆਗ ਕੇ ਪਰਮਾਤਮਾਂ ਦਾ ਨਾਮ ਸਿਮਰਨ, ਸੱਚੀ ਕਿਰਤ ਕਰਕੇ ਨੇਕੀ ਦੇ ਰਸਤੇ ਤੇ ਚੱਲਣ ਦਾ ਉਪਦੇਸ਼ ਦਿੱਤਾ। ਬਾਬਾ ਜੀ ਅਨੁਸਾਰ "ਨਿਸ਼ਚੇ ਕਰ ਆਪਣੀ ਜੀਤ ਕਰੋ" ਦਾ ਵਾਕ ਕਾਮਯਾਬੀ ਦਾ ਪ੍ਰਤੀਕ ਹੈ। ਬਾਬਾ ਜੀ ਫਰਮਾਉਂਦੇ ਹਨ ਕਿ ਆਦਮੀ ਕਦੇ ਵੀ ਆਪਣੀ ਸੋਚ ਤੋਂ ਉਪਰ ਨਹੀਂ ਉੱਠ ਸਕਦਾ, ਇਸ ਲਈ ਹਮੇਸ਼ਾ ਅਗਾਂਹ ਵਧੂ ਸੋਚ ਦੇ ਧਾਰਨੀ ਹੋਣਾ ਚਾਹੀਦਾ ਹੈ।

ਅਖਵਾਉਣ ਨੂੰ ਤਾਂ ਸੰਤ ਬਾਬੇ ਬਹੁਤ ਅਖਵਾਈ ਜਾਂਦੇ ਹਨ ਪਰ "ਸੰਤ ਕਾ ਮਾਰਗ ਧਰਮ ਕੀ ਪੌੜੀ, ਕੋ ਵਡਭਾਗੀ ਪਾਏ" ਇਸ ਮਾਰਗ ਨੂੰ ਕੋਈ ਕਰਮਾ ਵਾਲਾ ਹੀ ਪ੍ਰਾਪਤ ਕਰ ਸਕਦਾ ਹੈ ਇਸ ਮਾਰਗ ਤੇ ਚੱਲਣ ਵਾਲੇ ਮਹਾਨ ਗੁਰੂ ਸੰਤ ਬਾਬਾ ਨੰਦ ਸਿੰਘ ਜੀ ਨੂੰ ਜੇਕਰ 20ਵੀਂ ਸਦੀ ਦੇ ਉੱਘੇ ਸਮਾਜ ਸੇਵਕ ਵੀ ਕਿਹਾ ਜਾਵੇ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਅਪ੍ਰੈਲ 1989 ਨੂੰ ਬਾਬਾ ਜੀ ਦੇ ਦਿਲ ਦੀ ਧੜਕਣ ਜ਼ਿਆਦਾ ਘੱਟ ਜਾਣ ਕਾਰਨ 'ਪੇਸ ਮੇਕਰ' ਦੀ ਵਰਤੋਂ ਕਰਨੀ ਪਈ। 'ਪੇਸ ਮੇਕਰ' ਦੇ ਜਰੀਏ ਬਾਬਾ ਜੀ 11 ਸਾਲ ਹਰ ਸਰੀਰਕ ਤੌਰ ਤੇ ਲੋਕ ਸੇਵਾ ਵਿਚ ਲਗਾ ਗਏ। ਬਾਬਾ ਜੀ ਦੀ ਰਹਿਮਤ ਸਦਕਾ ਅਨੇਕਾਂ ਲੋਕਾਂ ਦੇ ਕਾਰਜ ਰਾਸ ਹੋਏ ਅਤੇ ਹੁੰਦੇ ਰਹਿਣਗੇ।

**ਸੂਰਜ ਕਿਰਨ ਮਿਲੀ ਜਲ ਕਾ ਜਲ ਹੂਆ ਰਾਮ। ਜੋਤੀ ਜੋਤ ਮਿਲੀ ਸੰਪੂਰਨ ਥੀਆ ਰਾਮ ॥**

ਸਰੀਰਕ ਤੌਰ ਤੇ ਬਾਬਾ ਜੀ 10 ਅਪ੍ਰੈਲ 2000 ਨੂੰ 11.30 ਵਜੇ ਬ੍ਰਹਮ ਜੋਤ ਵਿਚ ਮਿਲ ਗਏ। ਕਈ ਮਹਾਂਪੁਰਖਾਂ ਦੀ ਹਾਜ਼ਰੀ ਵਿਚ 11 ਅਪ੍ਰੈਲ ਨੂੰ ਬਾਬਾ ਨੰਦ ਸਿੰਘ ਜੀ ਦਾ ਪਾਕ-ਪਵਿੱਤਰ ਸਰੀਰ ਪੂਰੀ ਸ਼ਰਧਾ ਅਤੇ ਸਨਮਾਨ ਨਾਲ ਅਗਨੀ ਭੇਟ ਕਰ ਦਿੱਤਾ ਗਿਆ।